Exam. Code : 108503
Subject Code : 2083

**B.Com. 3rd Sem.**

**MUDHLI PUNJABI**

**Paper–BCG–302 (ii)**

Time Allowed—3 Hours] [Maximum Marks—50

**ਨੋਟ :-** ਕੁੱਲ **ਪੰਜ** ਪ੍ਰਸ਼ਨ ਕਰੋ। ਹਰ ਸੈਕਸ਼ਨ ਵਿਚੋਂ **ਇਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਸੈਕਸ਼ਨ ਵਿਚੋਂ ਕੀਤਾ ਜਾ ਸਕਦਾ ਹੈ।

**ਸੈਕਸ਼ਨ—ਏ**

1. ਉਪਵਾਕ ਦੀ ਪਰਿਭਾਸ਼ਾ ਲਿਖੋ ਅਤੇ ਇਸ ਦੀਆਂ ਕਿਸਮਾਂ ਤੇ ਸੰਖੇਪ ਨੋਟ ਲਿਖੋ। 10

2. ਬਣਤਰ ਦੇ ਆਧਾਰ ਤੇ ਵਾਕਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਉਦਾਹਰਣਾਂ ਦੇ ਕੇ ਸਮਝਾਓ। 10

**ਸੈਕਸ਼ਨ—ਬੀ**

3. ਕਿਸੇ **ਇਕ** ਵਿਸ਼ੇ ਤੇ ਪੈਰ੍ਹਾ ਰਚਨਾ ਕਰੋ :

   (ੳ) ਸਮੇਂ ਦੀ ਕਦਰ

   (ਅ) ਮਾਤ-ਭਾਸ਼ਾ ਦੀ ਮਹੱਤਤਾ

   (ੲ) ਧਰਮ ਅਤੇ ਰਾਜਨੀਤੀ। 10

4. ਕਿਸੇ ਵਪਾਰਕ ਫਰਮ ਨਾਲ ਵਪਾਰਕ ਸਬੰਧ ਪੈਦਾ ਕਰਨ ਲਈ ਉਸਨੂੰ ਆਪਣੀ ਫੈਕਟਰੀ ਵਿਚ ਹੁੰਦੇ ਉਤਪਾਦਨ ਬਾਰੇ ਜਾਣਕਾਰੀ ਦੇਣ ਲਈ ਇਕ ਪੱਤਰ ਲਿਖੋ। 10



Scanned with CamScanner

## ਸੈਕਸ਼ਨ—ਸੀ

5. ਹੇਠ ਲਿਖਿਆਂ ਮੁਹਾਵਰਿਆਂ ਵਿਚੋਂ ਕਿਸੇ **ਪੰਜ** ਦੇ ਵਾਕ ਬਣਾਓ ਤਾਂ ਜੋ ਅਰਥ ਸਪੱਸ਼ਟ ਹੋ ਜਾਣ :
ਉਂਗਲਾ ਟੁਕਣਾ, ਅੱਖਾਂ ਖੁਲਣੀਆਂ, ਇਲਮ ਦਾ ਕੀੜਾ, ਸਾਹ ਸੱਤ ਨਾ ਹੋਣਾ, ਹੱਥ ਤੰਗ ਹੋਣਾ, ਖ਼ਾਰ ਖਾਣਾ, ਘਾਲਣਾ ਘਾਲਣੀ, ਚੰਨ ਚਾੜ੍ਹਨਾ, ਜਾਨ ਵਿਚ ਜਾਨ ਆਉਣੀ, ਟੱਕਰਾਂ ਮਾਰਨਾ। 2×5=10

6. ਹੇਠ ਲਿਖੇ ਅਖਾਣਾਂ ਦੇ ਅਰਥ ਸਪੱਸ਼ਟ ਕਰੋ :
(1) ਉਲਟੀ ਵਾੜ ਖੇਤ ਨੂੰ ਖਾਵੇ
(2) ਆਟੇ ਨਾਲ ਘੁਣ ਵੀ ਪਿਸ ਜਾਂਦਾ ਹੈ
(3) ਛੋਟਾ ਮੂੰਹ ਵੱਡੀ ਬਾਤ
(4) ਜਿਹਨੇ ਲਾਇਆ ਗੱਲੀਂ, ਉਸੇ ਨਾਲ ਉੱਠ ਚੱਲੀ
(5) ਡੁੱਬਦੇ ਨੂੰ ਤੀਲੇ ਦਾ ਸਹਾਰਾ
(6) ਲਾਹੌਰ ਦੇ ਸ਼ਕੀਨ ਬੋਝੇ ਵਿਚ ਗਾਜਰਾਂ
(7) ਰੱਬ ਮਿਲਾਈ ਜੋੜੀ, ਇਕ ਅੰਨ੍ਹਾ ਤੇ ਇਕ ਕੋੜ੍ਹੀ
(8) ਭੱਠ ਪਿਆ ਸੋਨਾ ਜਿਹੜਾ ਕੰਨਾ ਨੂੰ ਖਾਵੇ
(9) ਨੱਚਣ ਲੱਗੀ ਤਾਂ ਘੁੰਗਟ ਕੀ
(10) ਦੋਹਾਂ ਘਰਾਂ ਦਾ ਪ੍ਰਾਹੁਣਾ ਭੁੱਖਾ। 10

## ਸੈਕਸ਼ਨ—ਡੀ

7. ਜੀਵਨੀ ਸਾਹਿਤ ਦਾ ਸਭ ਤੋਂ ਵੱਧ ਮਹੱਤਵਪੂਰਣ ਤੇ ਕੋਮਲ ਰੂਪ ਹੈ, ਜਿਸ ਵਿੱਚ ਉਸ ਅਨੁਭੂਤੀ ਦੀ ਲੋੜ ਹੁੰਦੀ ਹੈ, ਜਿਹੜੀ ਉਸ ਮਹਾਂਪੁਰਖ ਦੀ ਜੀਵਨ-ਜਾਂਚ ਅਤੇ ਜੀਵਨ ਦਰਸ਼ਨ ਨੂੰ ਸਮਝਣ ਵਿਚ ਸਮਰੱਥ ਹੋਵੇ। 'ਜੀਵਨੀ' ਲਿਖਣ ਵਾਲਾ ਲੇਖਕ ਘਟਨਾਵਾਂ ਤੇ ਕਾਰਜਾਂ ਦਾ ਮਨ-ਖਿਚਵਾਂ ਵਰਣਨ ਕਰਦਾ ਹੈ। ਉਹ ਗੈਰ-ਜ਼ਰੂਰੀ ਗੱਲਾਂ ਨੂੰ ਛਾਂਗਦਾ ਵੀ ਹੈ ਅਤੇ ਮਹੱਤਵਪੂਰਣ



Scanned with CamScanner

ਤੱਥਾਂ ਬਾਰੇ ਵਿਗਿਆਨਕ ਢੰਗ ਦੀ ਖੋਜ ਵੀ ਕਰਦਾ ਹੈ। ਜੀਵਨੀ ਇਕ ਤਰ੍ਹਾਂ ਦਾ ਉਹ ਆਦਰਸ਼ਪੂਰਣ ਇਤਿਹਾਸ ਹੈ, ਜਿਹੜਾ ਕਿਸੇ ਮਹਾਂਪੁਰਖ ਦੀ ਸ਼ਖ਼ਸੀਅਤ ਨੂੰ ਸਾਕਾਰ ਕਰਦਾ ਹੈ। ਇਹ ਇਤਿਹਾਸ ਅਤੇ ਸਾਹਿਤ ਦਾ ਕਲਾਤਮਕ ਸੁਮੇਲ ਹੈ। ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(1) ਜੀਵਨੀ ਲਿਖਣ ਬਾਰੇ ਕਿਸ ਚੀਜ਼ ਦੀ ਲੋੜ ਹੁੰਦੀ ਹੈ ?

(2) ਜੀਵਨੀ ਕਿਸ-ਕਿਸ ਚੀਜ਼ ਦਾ ਸੁਮੇਲ ਹੈ ?

(3) ਜੀਵਨੀ ਲਿਖਣ ਲਈ ਲੇਖਕ ਕਿਹੜੀਆਂ ਮਹੱਤਵਪੂਰਣ ਗੱਲਾਂ ਦਾ ਧਿਆਨ ਰੱਖਦਾ ਹੈ ?

(4) ਸਮੁੱਚੇ ਤੌਰ ਤੇ ਜੀਵਨੀ ਕੀ ਹੈ ?

(5) ਲਕੀਰੇ ਅੱਖਰਾਂ ਦੇ ਅਰਥ ਸਪਸ਼ਟ ਕਰੋ। 2×5=10

8. ਹੇਠ ਲਿਖੇ ਪੈਰ੍ਹੇ ਦਾ ਢੁਕਵਾਂ ਸਿਰਲੇਖ ਦੇ ਕੇ ਸੰਖੇਪ ਰਚਨਾ ਕਰੋ :

ਜਦ ਅਸੀਂ ਮਹਾਨ ਗ੍ਰੰਥਾਂ ਨੂੰ ਪੜ੍ਹਦੇ ਹਾਂ ਤਾਂ ਸਾਡੇ ਮਨ ਉਹਨਾਂ ਦੇ ਵਿਚਾਰਾਂ ਨਾਲ ਰੰਗੇ ਜਾਂਦੇ ਹਨ। ਮਹਾਨ ਪੁਸਤਕਾਂ ਆਦਮੀ ਨੂੰ ਮਾਨਸਿਕ ਤੌਰ ਤੇ ਸਿਹਤਮੰਦ ਬਣਾਉਂਦੀਆਂ ਹਨ। ਉਹ ਸਾਡੇ ਅੰਦਰ ਮਨ ਦੀ ਵਿਸ਼ਾਲਤਾ ਅਤੇ ਪ੍ਰਮਾਣਿਕ ਦ੍ਰਿਸ਼ਟੀ ਪੈਦਾ ਕਰਦੀਆਂ ਹਨ। ਸੰਸਕ੍ਰਿਤ ਦੇ ਇਕ ਸ਼ਲੋਕ ਵਿਚ ਕਿਹਾ ਗਿਆ ਹੈ : ਸੰਸਾਰ ਹੈ ਤਾਂ ਜ਼ਹਿਰ ਦਾ ਬ੍ਰਿਛ, ਪਰ ਉਸ ਦੇ ਦੋ ਫਲ ਅੰਮ੍ਰਿਤ ਵਰਗੇ ਹਨ। ਉਹਨਾਂ ਵਿਚੋਂ ਇਕ ਹੈ ਕਵਿਤਾ ਦਾ ਸਵਾਦ ਤੇ ਦੂਜਾ ਹੈ ਸੱਜਣਾਂ ਨਾਲ ਵਾਰਤਾਲਾਪ। ਸਪਸ਼ਟ ਹੈ ਕੁਝ ਕਿਤਾਬਾਂ ਮਨ-ਪ੍ਰਚਾਵਾ ਕਰਦੀਆਂ ਹਨ, ਕੁਝ ਗਿਆਨ ਵਧਾਉਂਦੀਆਂ ਹਨ ਤੇ ਕੁਝ ਸਾਡੀ ਪ੍ਰਗਤੀ ਨੂੰ ਉਚੇਰੀ ਪੱਧਰ ਉਤੇ ਲੈ ਜਾਂਦੀਆਂ ਹਨ। ਇਸ ਅੰਤਲੀ ਸ਼੍ਰੇਣੀ ਦੀਆਂ ਕਿਤਾਬਾਂ ਉਹ ਹਨ, ਜਿਨ੍ਹਾਂ ਨੂੰ ਪੜ੍ਹਨਾ-ਘੋਖਣਾ ਸਾਡੇ ਲਈ ਜ਼ਰੂਰੀ ਹੈ। 10



Scanned with CamScanner